ਭਾ.ਰਿ.ਬੈਂ./2006-07/ 220

ਆਰਪੀਸੀਡੀ ਸੀਓ ਆਰਆਰਬੀ. ਬੀਸੀ 39/03-05-33 (ੲ)/ 2006-07

26 ਦਸੰਬਰ 2006

ਸਾਰੇ ਖੇਤਰੀ ਪੇਂਡੂ ਬੈਂਕ

ਸ੍ਰੀਮਾਨ,

ਚੈਕ ਡ੍ਰਾਪ ਬਾਕਸ ਸੁਵਿਧਾ ਅਤੇ ਚੈਕਾਂ ਦੀ ਪ੍ਰਾਪਤ-ਸੂਚਨਾ ਦੀ ਸੁਵਿਧਾ

ਭਾਰਤੀ ਰਿਜ਼ਰਵ ਬੈਂਕ/ ਬੈਂਕਿੰਗ ਲੋਕਪਾਲਾਂ ਨੂੰ ਇਸ ਨਾਲ ਸਬੰਧਿਤ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਬਹੁਤ ਸਾਰੇ ਬੈਂਕ ਕਾਊਂਟਰਾਂ ਤੋਂ ਚੈਕ ਸਵੀਕਾਰ ਨਹੀਂ ਕਰ ਰਹੇ ਹੋਰ ਗਾਹਕਾਂ ਨੂੰ ਚੈਕ ਡ੍ਰਾਪ ਬਾਕਸ ਵਿਚ ਚੈਕ ਪਾਉਣ ਦੇ ਲਈ ਮਜਬੂਰ ਰਹੇ ਹਨ।

2. ਇਸ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਗਾਹਕਾਂ ਨੂੰ ਡ੍ਰਾਪ ਬਾਕਸ ਵਿਚ ਚੈਕ ਪਾਉਣ ਦੇ ਲਈ ਮਜ਼ਬੂਰ ਨਾ ਕੀਤਾ ਜਾਵੇ ਅਤੇ ਜਿੱਥੇ ਗਾਹਕਾਂ ਨੂੰ ਚੈਕ ਡ੍ਰਾਪ ਬਾਕਸ ਦੀ ਸੁਵਿਧਾ ਦਿੱਤੀ ਜਾ ਰਹੀ ਹੋਵੇ, ਉਥੇ ਗਾਹਕਾਂ ਨੂੰ ਨਿਯਮਿਤ ਸੰਗ੍ਰਹਿ ਕਾਊਂਟਰਾਂ ਤੇ ਚੈਕ ਦੀ ਪ੍ਰਾਪਤ-ਸੂਚਨਾ ਦੀ ਸੁਵਿਧਾ ਵੀ ਉਪਲੱਬਧ ਕਰਵਾਈ ਜਾਵੇ। ਗ੍ਰਾਹਕ ਦੁਆਰਾ ਕਾਊਂਟਰ ਤੇ ਚੈਕ ਪੇਸ਼ ਕੀਤੇ ਜਾਣ ਦੀ ਸਥਿਤੀ ਵਿਚ ਕੋਈ ਵੀ ਸ਼ਾਖਾ ਉਸ ਨੂੰ ਪ੍ਰਾਪਤ-ਸੂਚਨਾ ਦੇਣ ਤੋਂ ਇਨਕਾਰ ਨਹੀਂ ਕਰੇਗੀ।

3. ਇਹ ਚੈਕ ਡ੍ਰਾਪ ਬਾਕਸ ਦੀ ਸੁਵਿਧਾ ਸ਼ੁਰੂ ਕੀਤੀ ਗਈ ਹੋਵੇ ਉਥੇ ਇਹ ਜ਼ਰੂਰੀ ਹੈ ਕਿ ਗ੍ਰਾਹਕ ਨੂੰ ਉਸੇ ਉਪਲੱਬਧ ਦੋਵੇਂ ਸੂਰਤਾਂ ਅਰਥਾਤ ਡ੍ਰਾਪ ਬਾਕਸ ਵਿਚ ਚੈਕ ਪਾਉਣ ਅਤੇ ਕਾਊਂਟਰ ਤੇ ਪੇਸ਼ ਕਰਨ ਦੀ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਉਹ ਇਸ ਸਬੰਧ ਵਿਚ ਸੋਚ ਸਮਝ ਕੇ ਫੈਸਲਾ ਲੈ ਸਕਣ। ਅੰਤ : ਬੈਂਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਹੇਠ ਲਿਖੇ ਵਾਕ ਚੈਕ ਡ੍ਰਾਪ ਬਾਕਸ ਤੇ ਹੀ ਜ਼ਰੂਰੀ ਤੌਰ ਤੇ ਦਰਸਾਉਣ।

'ਗਾਹਕ ਕਾਊਂਟਰ ਤੇ ਹੀ ਚੈਕ ਪੇਸ਼ ਕਰ ਸਕਦੇ ਹਨ ਅਤੇ ਜਮ੍ਹਾਂ ਪਰਚੀਆਂ ਤੇ ਪ੍ਰਾਪਤ-ਸੂਚਨਾ ਪਾ ਸਕਦੇ ਹਨ।'

ਉਕਤ ਸੰਦੇਸ਼ ਅੰਗਰੇਜ਼ੀ, ਹਿੰਦੀ ਅਤੇ ਰਾਜ ਦੀ ਸਬੰਧਤ ਖੇਤਰੀ ਭਾਸ਼ਾ ਵਿਚ ਪੇਸ਼ ਕੀਤਾ ਜਾਵੇ।

4. ਕਿਰਪਾ ਕਰਕੇ ਸਾਡੇ ਸਬੰਧਤ ਖੇਤਰ ਸੰਸਥਾ ਨੂੰ ਪ੍ਰਾਪਤ ਸੂਚਨਾ ਦੇਣ।

ਹਿਤੂ

(ਜੀ. ਸ੍ਰੀਨਿਵਾਸਨ)

ਮੁੱਖ ਮਹਾਂਪ੍ਰਬੰਧਕ